**ਸਕੂਲ ਸਿੱਖਿਆ ਵਿਭਾਗ (ਸੈ.ਸਿ.), ਪੰਜਾਬ**

---

ਵੱਲ :

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ
ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ.), ਪੰਜਾਬ
ਸਮੂਹ ਸਕੂਲ ਮੁਖੀ, ਪੰਜਾਬ

ਮੀਮੋ ਨੰ :- 19/23-16 m 2 (1)
ਮਿਤੀ : ਚੰਡੀਗੜ੍ਹ **ਅਕਤੂਬਰ, 2017**

(Teaching & Non-Teaching)

**ਵਿਸ਼ਾ :** **ਸਿੱਖਿਆ ਵਿਭਾਗ ਦੇ ਪੋਰਟਲ ਈਪੰਜਾਬਸਕੂਲ ਉੱਤੇ ਸਮੂਹ ਅਮਲੇ ਦੀ ਯੋਗਤਾ ਸਬੰਧੀ ਜਾਣਕਾਰੀ ਅਪਡੇਟ ਕਰਨ ਸਬੰਧੀ।**

ਸਿੱਖਿਆ ਵਿਭਾਗ ਵਲੋਂ ਪੋਰਟਲ www.epunjabschool.gov.in ਉੱਤੇ ਇੱਕ ਨਵਾਂ ਮਡਿਊਲ ਅਪਲੋਡ ਕੀਤਾ ਗਿਆ ਹੈ। ਇਹ ਮਡਿਊਲ ਸਕੂਲ ਦੇ ਲਾਗਇਨ ਵਿਚ Staff >> Update Staff menu ਅਧੀਨ ਮੁਹਈਆ ਕਰਵਾਇਆ ਗਿਆ ਹੈ। ਸਮੂਹ ਸਟਾਫ ਦੀ ਮੁਕੰਮਲ ਯੋਗਤਾ ਦਾ ਰਿਕਾਰਡ ਇਸ ਮਡਿਊਲ ਅਧੀਨ ਅਪਡੇਟ ਕੀਤਾ ਜਾਵੇ। ਸਕੂਲ ਮੁਖੀਆਂ ਵਲੋਂ ਇਹ ਯਕੀਨੀ ਬਣਾਇਆ ਜਾਵੇ ਕਿ ਹਰ ਸਟਾਫ ਮੈਂਬਰ ਦਾ ਰਿਕਾਰਡ ਸਹੀ ਅਤੇ ਦਸਤਾਵੇਜ਼ਾਂ ਦੇ ਅਧਾਰ ਉੱਤੇ ਭਰਿਆ ਜਾਵੇ। ਹਰ ਸਟਾਫ ਮੈਂਬਰ ਆਪਣਾ ਰਿਕਾਰਡ ਮੁਕੰਮਲ ਦਰਜ ਹੋਣ ਉਪਰੰਤ ਚੰਗੀ ਤਰ੍ਹਾਂ ਨਾਲ ਚੈੱਕ ਕਰ ਲਵੇ ਅਤੇ ਚੈੱਕ ਕਰਨ ਉਪਰੰਤ ਹੀ ਇਸ ਨੂੰ ਅਪਰੂਵ ਕੀਤਾ ਜਾਵੇ। ਇੱਕ ਵਾਰ ਅਪਰੂਵ ਕਰਨ ਉਪਰੰਤ ਇਸ ਰਿਕਾਰਡ ਵਿਚ ਕੋਈ ਵੀ ਤਬਦੀਲੀ ਨਹੀਂ ਕੀਤੀ ਜਾ ਸਕੇਗੀ।

ਭਵਿੱਖ ਵਿਚ ਸਰਕਾਰ ਵਲੋਂ ਤਰੱਕੀ ਆਦਿ ਦੀ ਪ੍ਰਕ੍ਰਿਆ ਲਈ ਇਸ ਰਿਕਾਰਡ ਦੀ ਮਦਦ ਲਈ ਜਾਵੇਗੀ ਅਤੇ ਜੇਕਰ ਕਿਸੇ ਵੀ ਸਟਾਫ ਮੈਂਬਰ ਦੇ ਰਿਕਾਰਡ ਵਿਚ ਕੋਈ ਵੀ ਗਲਤੀ ਪਾਈ ਜਾਂਦੀ ਹੈ ਤਾਂ ਇਸ ਦੀ ਜਿੰਮੇਵਾਰੀ ਸਬੰਧਤ ਸਟਾਫ ਮੈਂਬਰ ਦੀ ਹੋਵੇਗੀ।

13/X/17

**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.), ਪੰਜਾਬ**

13/10/17